*ਦੂਸਰੀ ਵਿਸ਼ਵ ਪੰਜਾਬੀ ਕਾਨਫਰੰਸ ਪ੍ਰਿੰਸ ਜਾਰਜ, ਬੀ.ਸੀ. ਕੈਨੇਡਾਜੁਲਾਈ ੩੧-ਅਗਸਤ ੧ ੨੦੦੩ ः-*

# ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਮੌਕੇ ਪੰਜਾਬੀ ਦੇ ਮੰਨੇ-ਪ੍ਰਮੰਨੇ ਅਦੀਬ ਅਤੇ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਸਾਬਕਾ ਰਜਿਸਟਰਾਰ ਡਾ.ਕਰਨੈਲ ਸਿੰਘ ਥਿੰਦ ਦੁਆਰਾ ਦਿਤਾ ਗਿਆ ਪ੍ਰਧਾਨਗੀ ਭਾਸ਼ਣ

ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚੋਂ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਪੁੱਜੇ ਵਿਦਵਾਨ ਦੋਸਤੋ! ਮੈਂ ਸਭ ਤੋਂ ਪਹਿਲਾਂ ਸੁੱਚਾ ਦੀਪਕ, ਭੁਪਿੰਦਰ ਮੱਲ੍ਹੀ, ਵਿਜੈ ਕਪਿਲਾ ਅਤੇ ਇਸ ਕਾਨਫਰੰਸ ਦੀ ਪ੍ਰਬੰਧਕ ਕਮੇਟੀ ਦੇ ਬਾਕੀ ਮੈਂਬਰਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਤਿੰਨ ਸਾਲਾਂ ਦੇ ਵਕਫੇ ਪਿਛੋਂ ਇਕ ਵਾਰ ਫੇਰ ਤੁਹਾਡੇ ਸਾਹਮਣੇ ਹਾਜ਼ਰੀ ਭਰਨ ਲਈ ਲਿਆ ਖੜਾ ਕੀਤਾ ਹੈ। ਪਿਛਲੀ ਕਾਨਫਰੰਸ ਦੀ ਰਿਵਾਇਤ ਨੂੰ ਕਾਇਮ ਰਖਦੇ ਹੋਇਆਂ ਨੇਟਿਵ ਲੀਡਰ ਰੋਨ ਸੀ ਮੋਰ ਜਦ ਉਦਘਾਟਨੀ ਭਾਸ਼ਣ ਦੇ ਰਿਹਾ ਸੀ ਤਾਂ ਮੇਰੇ ਕੰਨਾਂ ਵਿਚ ਉਸ ਦੇ ਤਿੰਨ ਸਾਲ ਪਹਿਲਾਂ ਕਹੇ ਹੋਏ ਲਫ਼ਜ਼ ਗੂੰਜ ਰਹੇ ਸਨ ਕਿ ਉਨ੍ਹਾਂ ਦੀ ਮਾਂ-ਬੋਲੀ ਤੇ ਸਭਿਆਚਾਰ ਨੂੰ ਖ਼ਤਮ ਕਰਨ ਲਈ ਵੇਲੇ ਦੀਆਂ ਸਰਕਾਰਾਂ ਵਲੋਂ ਕਿਹੜੇ ਹੱਥਕੰਡੇ ਨਹੀਂ ਸਨ ਵਰਤੇ ਗਏ? ਨਾਲ ਹੀ ਉਹ ਕੌਮ ਦੇ ਮਹੱਤਵ ਬਾਰੇ ਵੀ ਦਸ ਰਿਹਾ ਸੀ। ਪ੍ਰਿੰਸ ਜਾਰਜ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਸ਼ੈਰਨ, ਕਾਨਫਰੰਸ ਦੇ ਕਨੀਵਰ ਸੁੱਚਾ ਦੀਪਕ ਅਤੇ ਆਈ.ਡਬਲਿਊ.ਏ. ਦੇ ਪ੍ਰੈਜ਼ੀਡੈਂਟ  ਫਰੈਂਕ ਐਵਰਟ ਦੇ ਸੁਆਗਤੀ ਸ਼ਬਦਾਂ, ਉਸਤਾਦ ਲਛਮਣ ਸਿੰਘ ਸੀਨ, ਮੰਨੂ ਕੁਮਾਰ ਸੀਨ ਅਤੇ ਅਵੀਰਭਾਵ ਦੀ ਸੰਗੀਤ ਧੁਨੀ ਅਤੇ ਨੰਨ੍ਹੇ-ਮੁੰਨੇ ਬੱਚਿਆਂ ਦੁਆਰਾ ਪੇਸ਼ ਕੀਤੇ ਗਏ ਸੰਗੀਤ-ਨਾਚ ਨੇ ਮਾਹੌਲ ਨੂੰ ਅਜੇਹਾ ਸੁਹਾਵਣਾ ਬਣਾ ਦਿੱਤਾ ਕਿ ਚਾਰ ਦਿਨਾਂ ਕਾਨਫਰੰਸ ਦੇ ਆਰੰਭ ਤੋਂ ਲੈ ਕੇ ਅੰਤ ਤੱਕ ਪੁੱਜਣ ਦਾ ਪਤਾ ਹੀ ਨਹੀਂ ਲਗਿਆ।

ਭੁਪਿੰਦਰ ਸਿੰਘ ਮੱਲ੍ਹੀ ਦੇ ਕੁੰਜੀਵਤ ਭਾਸ਼ਣ ਨੇ ਜਿੱਥੇ ਪਹਿਲੀ ਪੰਜਾਬੀ ਕਾਨਫਰੰਸ ਦੇ ਮੂਲ ਥੀਮ "ਪੰਜਾਬੀਆਂ ਦਾ ਸਭਿਆਚਾਰਕ ਵਿਰਸਾ ਅਤੇ ਪੰਜਾਬੀ ਬੋਲੀ ਦਾ ਭਵਿੱਖ" ਅਤੇ ਪ੍ਰਾਪਤੀਆਂ ਵਲ ਧਿਆਨ ਦੁਆਇਆ ਉਥੇ ਨਾਲ ਹੀ ਇਸ ਕਾਨਫਰੰਸ ਵਿਚ ਵਿਚਾਰੇ ਜਾਣ ਵਾਲੇ ਮੁੱਦਿਆਂ ਦਾ ਉਲੇਖ ਵੀ ਕੀਤਾ ਅਤੇ ਡੈਲੀਗੇਟਾਂ ਸਾਹਮਣੇ ਕੁਝ ਸੁਝਾਅ ਵੀ ਰੱਖੇ। ਇਹ ਮੁੱਖ ਭਾਸ਼ਣ  ਪ੍ਰਬੰਧਕਾਂ ਦੀ ਸੁਹਿਰਦਤਾ ਅਤੇ ਕਾਨਫਰੰਸ ਦੇ ਉਦੇਸ਼ਾਂ ਬਾਰੇ ਪ੍ਰਤਿਬੱਧਤਾ ਦੀ ਸ਼ਾਅਦੀ ਭਰਦਾ ਸੀ। ਦੂਜੇ ਸ਼ੈਸ਼ਨਾਂ ਵਿੱਚ ਵਿਦਵਾਨਾਂ ਨੇ ਇਨ੍ਹਾਂ ਨੁਕਤਿਆਂ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਸ ਮੁੱਖ ਤਕਰੀਰ ਵਿਚ ਮੀਡੀਆ, ਵਿਦਵਾਨਾਂ, ਅਤੇ ਲੇਖਕਾਂ ਉਪਰ ਮਾਫਿਕ ਹੁੰਦੀ  ਜ਼ਿਮੇਵਾਰੀ ਉਪਰ ਵਿਸ਼ੇਸ਼ ਜ਼ੋਰ ਦਿੱਤਾ ਗਿਆ।

ਇਸ ਵਿਸ਼ਵ ਪੰਜਾਬੀ ਕਾਨਫਰੰਸ ਦਾ ਉਦੇਸ਼ "੨੧ਵੀਂ ਸਦੀ ਵਿਚ ਕੌਮਾਂ ਦੀ ਉਸਾਰੀ ਅਤੇ ਪੰਜਾਬੀ ਕੌਮ ਦਾ ਸਵਾਲ" ਮਿਥਿਆ ਗਿਆ ਸੀ। ਇਕ ਵਿਦਵਾਨ  ਦਾ ਕਥਨ ਹੈ ਕਿ  `ਨਿਸ਼ਾਨਾ ਬੁਲੰਦ ਰੱਖੋ, ਕਿਉਂਕਿ ਤੀਰ ਦੀ ਨਸ਼ਿੱਸਤ ਜਿੰਨੀ ਉਚੇਰੀ ਹੋਵੇਗੀ, ਉਨ੍ਹਾਂ ਹੀ ਉਹ ਨਿਸ਼ਾਨੇ ਉਪਰ ਪੁੱਜੇਗਾ।` ਪੰਜਾਬੀ ਕੌਮ ਦੀ ਕਾਇਮੀ ਸੱਚਮੁੱਚ ਹੀ ਇਕ ਉਚਾ ਟੀਚਾ ਹੈ ਅਤੇ ਕਾਨਫਰੰਸ ਦੇ ਸੰਯੋਜਕ ਸੁੱਚਾ ਦੀਪਕ ਨੇ ਅਪਣੇ ਪਰਚੇ ਵਿਚ ਪੰਜਾਬੀ ਕੌਮ ਦੇ ਸਵਾਲ ਸੰਬੰਧੀ ਕੁਝ ਅਹਿਮ ਨੁਕਤੇ ਉਠਾਏ ਹਨ। ਡਾ.ਮੰਨਜ਼ੂਰ ਇਜਾਜ਼ ਨੇ ਪੰਜਾਬੀ ਕੌਮ ਦੀ ਪਰਿਭਾਸ਼ਾ ਅਤੇ ਇਸ ਦੇ ਨਜ਼ਰੀਏ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਡਾ.ਰੌਣਕੀ ਰਾਮ ਨੇ ਪੰਜਾਬੀ ਕੌਮ ਦੇ ਆਰਥਿਕ ਪਹਿਲੂ ਅਤੇ ਦਲਿਤ ਵਰਗ ਬਾਰੇ ਗੱਲ ਕਰਦਿਆਂ ਕੁਝ ਸਮੱਸਿਆਵਾਂ ਵੱਲ ਧਿਆਨ ਦੁਆਇਆ ਹੈ। ਡਾ. ਸੁਖਪਾਲ ਸਿੰਘ ਥਿੰਦ ਦਾ ਪਰਚਾ ਪੰਜਾਬੀ ਕੌਮ ਦੀ ਉਸਾਰੀ, ਚੁਣੌਤੀਆਂ ਅਤੇ ਸੰਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਇਸੇ ਤਰ੍ਹਾਂ ਚੌਧਰੀ ਨਜ਼ੀਰ ਕਹੂਟ ਅਤੇ ਡਾ.ਸਵਰਾਜ ਸਿੰਘ ਨੇ ਸੰਸਾਰੀਕਰਨ ਅਤੇ ਪੰਜਾਬੀ ਕੌਮ ਦੇ ਮਸਲੇ ਨੂੰ ਅਪਣੇ ਢੰਗ ਨਾਲ ਪੇਸ਼ ਕੀਤਾ ਹੈ। ਪੰਜਾਬੀ ਕੌਮ ਦੇ ਇਸ ਸਵਾਲ ਨੂੰ ਸੁੱਚਾ ਦੀਪਕ ਪਿਛਲੇ ਤਿੰਨ ਸਾਲਾਂ ਤੋਂ ਉਠਾ ਰਿਹਾ ਹੈ, ਇਹ ਮੁੱਦਾ ਇਸ ਕਾਨਫਰੰਸ ਦੇ ਮੁੱਖ ਥੀਮ ਵਜੋਂ ਉਭਰਿਆ ਹੈ। ਕਾਨਫਰੰਸ ਵਿਚ ਸ਼ਾਮਲ ਬਹੁਤ ਸਾਰੇ ਵਿਦਵਾਨਾਂ ਨੇ ਪੰਜਾਬੀ ਕੌਮ ਨਾਲ ਜੁੜੇ ਵੱਖ ਵੱਖ ਪੱਖਾਂ ਨੂੰ ਸਾਹਮਣੇ ਲਿਆਂਦਾਂ ਹੈ। ਨਿਰਸੰਦੇਹ ਇਹ ਇਸ ਕਾਨਫਰੰਸ ਦੀ ਪਹਿਲੀ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਪੰਜਾਬੀ ਕੌਮ ਦਾ ਸਵਾਲ ਬਹੁਤ ਹੀ ਮਹਤੱਵਪੂਰਣ ਹੈ, ਇਸ ਬਾਰੇ ਹੋਰ ਵਿਚਾਰ ਕਰਨ ਦੀ ਲੋੜ ਹੈ।

ਚਾਰ ਦਿਨਾਂ ਵਿਚ ਇਕ ਦਰਜਨ ਸੈਸ਼ਨਾਂ ਉਪਰ ਫੈਲੀ ਹੋਈ ਇਸ ਕਾਨਫਰੰਸ ਨੇ ਪੰਾਜਬੀ ਕੌਮ ਵਾਂਗ ਹੀ ਇਕ ਹੋਰ ਅਹਿਮ ਵਿਸ਼ਾ "ਪੰਜਾਬੀ ਦਰਸ਼ਨ ਜਾਂ ਪੰਜਾਬੀ ਫਿਲਸਫੀ" ਸੰਬੰਧੀ ਵੀ ਗੱਲ ਅੱਗੇ ਤੋਰੀ ਹੈ। ਬੌਸਟਨ(ਅਮਰੀਕਾ) ਤੋਂ ਪੁੱਜੇ ਡਾ.ਜਸਪਾਲ, ਜੋ ਯੂਨੀਵਰਸਿਟੀ ਵਿਚ ਫਿਲਾਸਫੀ ਦੇ ਪ੍ਰੋਫੈਸਰ ਹਨ, ਪੰਜਾਬੀ ਦਰਸ਼ਨ ਦੇ ਸਿਧਾਂਤਕ ਅਤੇ ਅਸਲੀ ਪੱਖਾਂ ਬਾਰੇ ਚਰਚਾ ਕਰਦੇ ਹੋਇਆਂ ਪੰਜਾਬੀ ਫਲਸਫੇ  ਦੀਆਂ ਜੜ੍ਹਾਂ ਰਿਗਵੇਦ ਵਿੱਚ ਲੱਭਦੇ ਹਨ। ਉਨ੍ਹਾਂ ਨੇ ਪਹਿਲੀ ਪੰਜਾਬੀ ਕਾਨਫਰੰਸ ਵਾਂਗ ਇਕ ਵਾਰ ਫਿਰ ਪੰਜਾਬੀ ਵਿਦਵਾਨਾਂ ਦਾ ਧਿਆਨ ਇਸ ਅਹਿਮ ਪਰ ਅਣਗੌਲੇ ਪੱਖ ਵਲ ਦੁਆਇਆ ਹੈ। ਪੰਜਾਬੀ ਦਰਸ਼ਨ ਦੇ ਜਿਹੜੇ ਪੱਖ ਡਾ.ਜਸਪਾਲ ਨੇ ਦਰਸਾਏ ਹਨ ਉਨ੍ਹਾਂ ਬਾਰੇ ਖੋਜ ਤੇ ਮੁਤਾਲਿਆਂ ਕਰਕੇ ਪੰਜਾਬੀਆਂ ਦੇ ਮਨਾਂ ਅੰਦਰ ਇਹ ਇਹਸਾਸ ਕਰਾਉਣਾ ਜ਼ਰੂਰੀ ਹੈ ਕਿ ਕੁਝ ਕਾਰਨਾ ਕਰਕੇ ਹੁਣ ਤੱਕ ਇਸ ਅਹਿਮ ਵਿਸ਼ੇ ਵੱਲ ਧਿਆਨ ਨਹੀਂ ਦਿੱਤਾ ਗਿਆ। ਪੰਜਾਬੀਆਂ ਨੂੰ ਆਪਣੀ ਸੂਝ ਦੀ ਪਰਖ ਪੜਤਾਲ ਕਰਕੇ ਪੰਜਾਬੀ ਦਰਸ਼ਨ ਨੂੰ ਅੱਜ ਦੇ ਹਾਲਾਤ ਮੁਤਾਬਿਕ ਉਨੱਤ ਤੇ ਵਿਕਸਤ ਕਰਨਾ ਪੰਜਾਬੀਆਂ ਲਈ ਬਹੁਤ ਜ਼ਰੂਰੀ ਹੈ। ਪੰਜਾਬੀ ਹਿਤੈਸੀਆਂ ਲਈ ਇਹ ਇਕ ਚੁਣੌਤੀ ਹੈ ਜਿਸ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਡਾ.ਜਸਪਾਲ ਨੇ ਜਿਸ ਕਦਰ ਸੂਝ ਅਤੇ ਸਿਆਣਪ ਨਾਲ ਪੰਜਾਬੀ ਦਰਸ਼ਨ ਦੀ ਲੋੜ ਤੇ ਮਹੱਤਵ ਨੂੰ ਪੇਸ਼ ਕੀਤਾ ਹੈ, ਉਸ ਨੂੰ ਸਹਿਜੇ ਹੀ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਦਾ "ਸ੍ਰੇਸ਼ਟ ਪੁਰਖ" ਭਾਵ ਮੈਨ ਆਫ਼ ਦੀ ਕਾਨਫਰੰਸ ਕਿਹਾ ਜਾ ਸਕਦਾ ਹੈ। ਪ੍ਰੋ. ਪ੍ਰੇਮ ਪ੍ਰਕਾਸ਼ ਨੇ ਡਾ.ਜਸਪਾਲ ਸਿੰਘ ਨੂੰ ਪੰਜਾਬੀ ਦਰਸ਼ਨ ਦਾ ਜਨਮਦਾਤਾ ਕਿਹਾ ਹੈ।

ਪੰਜਾਬੀ ਕੌਮ ਅਤੇ ਪੰਜਾਬੀ ਦਰਸ਼ਨ ਦੇ ਮੁੱਦਿਆਂ ਦੇ ਨਾਲ ਨਾਲ ਆਧੁਨਿਕ ਯੁੱਗ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ, ਇਸ ਦੀਆਂ ਤਕਨੀਕੀ ਲੋੜਾਂ ਨੂੰ ਮੁੱਖ ਰਖਦੇ ਹੋਏ ਪੰਜਾਬੀ ਬੋਲੀ ਦੇ ਕੰਪਿਉਟਰੀਕਰਨ ਸੰਬੰਧੀ ਇਸ ਕਾਨਫਰੰਸ ਦੇ ਪ੍ਰਬੰਧਕਾਂ ਨੇ ਇਸ ਖੇਤਰ ਦੇ ਮੰਨੇਪ੍ਰਮੰਨੇ ਵਿਦਵਾਨਾਂ, ਅਮਰੀਕਾ ਤੋਂ ਡਾ.ਕੁਲਬੀਰ ਸਿੰਘ ਥਿੰਦ, ਭਾਰਤ ਤੋਂ ਪ੍ਰੋਫੈਸਰ ਗੁਰਪ੍ਰੀਤ ਸਿੰਘ ਲਹਿਲ ਅਤੇ

ਜਨਮੇਜਾ ਸਿੰਘ ਜੌਹਲ ਅਤੇ ਕੈਨੇਡਾ ਤੋਂ ਕਿਰਪਾਲ ਸਿੰਘ ਪੰਨੂੰ ਨੂੰ ਪਹਿਲੀ ਵਾਰ ਪ੍ਰਿੰਸ ਜਾਰਜ ਦੀ ਅੰਤਰ-ਰਾਸ਼ਟਰੀ ਸਟੇਜ ਉਪਰ ਇਕੱਠਿਆਂ ਕਰਕੇ ਕੰਪਿਊਟਰੀਕਰਨ ਸੰਬੰਧੀ ਹੋਏ ਕਾਰਨ, ਇਸ ਬਾਰੇ ਪੇਸ਼ ਆ ਰਹੀਆਂ ਔਕੜਾਂ, ਸਟੈਂਡਰਡ ਕੀ ਬੋਰਡ ਦੀ ਇਕਸਾਰਤਾ ਅਤੇ ਭਵਿੱਖ ਵਿਚ ਇਸ ਦੀ ਵਰਤੋਂ ਸੰਬੰਧੀ ਜਿਸ ਢੰਗ ਨਾਲ ਵਿਚਾਰ ਪੇਸ਼ ਕੀਤੇ ਗਏ ਹਨ, ਇਸ ਨੂੰ ਕਾਨਫਰੰਸ ਦੀ ਕਾਫੀ ਵੱਡੀ ਪ੍ਰਾਪਤੀ ਕਿਹਾ ਜਾ ਸਕਦਾ ਹੈ। ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ ਸਮੇਂ ਦੀ ਅਹਿਮ ਮੰਗ ਹੈ। ਕੰਪਿਊਟਰ ਦੇ ਇਨ੍ਹਾਂ ਮਾਹਿਰਾਂ ਸਦਕਾ ਪੰਜਾਬੀ ਜ਼ਬਾਨ ਪਛੜੀ ਹੋਈ ਨਹੀਂ ਰਹੇਗੀ। ਗੁਰਮੁਖੀ ਤੋਂ ਸ਼ਾਹਮੁਖੀ(ਫਾਰਸੀ) ਅਤੇ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਲਿੱਪੀਅੰਤਰ ਕਰਨ ਦਾ ਮਾਮਲਾ ਵੀ ਸਹਿਜੇ ਹੀ ਨਜਿੱਠਿਆ ਜਾਏਗਾ।

ਪੰਜਾਬੀ ਸੱਥ ਲਾਂਬੜਾ, ਜਲੰਧਰ ਦੇ ਸਕੱਤਰ ਡਾ.ਨਿਰਮਲ ਸਿੰਘ ਨੇ ਭਾਰਤੀ ਪੰਜਾਬ ਵਿਚ ਪੇਸ਼ ਆ ਰਹੀ ਪ੍ਰਦੂਸ਼ਨ ਦੀ ਸਮੱਸਿਆ ਵੱਲ ਵੀ ਧਿਆਨ ਦੁਆਇਆ ਹੈ। ਆਏ ਦਿਨ ਗੰਧਲੇ ਹੋ ਰਹੇ ਚੌਗਿਰਦੇ ਦੇ ਨਾਲ ਨਾਲ ਸਮਾਜਿਕ, ਆਰਥਿਕ ਅਤੇ ਰਾਜਸੀ ਖੇਤਰਾਂ ਵਿਚ ਕਈ ਢੰਗਾਂ ਨਾਲ ਵੱਧ ਰਹੀ ਪ੍ਰਦੂਸ਼ਨ ਦੀ ਬੀਮਾਰੀ ਸਾਰੇ ਪੰਜਾਬੀਆਂ ਲਈ ਖਤਰੇ ਦੀ ਘੰਟੀ ਹੈ। ਉਨ੍ਹਾਂ ਪੰਜਾਬੀ ਵਿਚ ਪਾਣੀ ਦੀ ਸਤ੍ਹਾ ਕਾਫੀ ਹੇਠਾਂ ਲਹਿ ਜਾਣ ਵਲ ਵੀ ਸੰਕੇਤ ਕੀਤਾ ਹੈ। ਇਸ ਸੰਬੰਧ ਵਿਚ ਹੋਈ ਚਰਚਾ ਅਤੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਦਿੱਤੇ ਗਏ ਸੁਝਾਉ ਬਹੁਤ ਕੀਮਤੀ ਹਨ। ਬਹੁਤ ਹੀ ਤੇਜ਼ੀ ਨਾਲ ਵੱਧ ਰਹੇ ਪ੍ਰਦੂਸ਼ਣ ਨੂੰ ਖਤਮ ਕਰਨ ਲਈ ਦੇਸ਼ਾਂ ਅਤੇ ਪਰਦੇਸਾਂ ਵਿਚ ਰਹਿ ਰਹੇ ਪੰਜਾਬੀ ਆਪਣਾ ਯੋਗਦਾਨ ਪਾ ਸਕਦੇ ਹਨ।

ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਪੰਜਾਬੀਅਤ ਨੇ ਪਹਿਲੀ ਕਾਨਫਰੰਸ ਦੇ ਟਾਕਰੇ ਵਿਦਵਾਨਾਂ ਦਾ ਵਧੇਰੇ ਧਿਆਨ ਖਿਚਿਆ ਹੈ। ਕਾਨਫਰੰਸ ਦੇ ਆਯੋਜਕਾਂ ਦੀ ਧਾਰਨਾ ਹੈ ਕਿ ਦੁਨੀਆਂ ਭਰਦੇ ਪੰਜਾਬੀਆਂ ਨੂੰ ਜੋੜਨ ਵਾਲੀ ਕੜੀ ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਹੈ, ਉਨ੍ਹਾਂ ਦਾ ਸਾਂਝਾ ਸਭਿਆਚਾਰ ਜਾਂ ਰਹਿਤਲ ਹੈ ਅਤੇ ਉਨ੍ਹਾਂ ਦੇ ਪੰਜਾਬੀ ਹੋਣ ਦੀ ਸ਼ਨਾਖਤ ਪੰਜਾਬੀਅਤ ਹੈ। ਪ੍ਰੋ.ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਭਾਸ਼ਾ ਦੀਆਂ ਲਗਭਗ ਇਕ ਦਰਜਨ ਜਦੀ ਵਿਸ਼ੇਸ਼ਤਾਵਾਂ ਬਾਰੇ ਦੱਸਿਆ ਹੈ ਤਾਂ ਜੋ ਪੰਜਾਬੀ ਭਾਸ਼ਾ ਦੇ ਅਦੁੱਤੀ ਲੱਛਣਾ ਦੀ ਨਿਸ਼ਾਨ ਦੇਹੀ ਕੀਤੀ ਜਾ ਸਕੇ। ਪੰਜਾਬੀ ਭਾਸ਼ਾ ਦੇ ਵਿਕਾਸ, ਇਸ ਦੇ ਮੂਲ ਸੋਮਿਆਂ ਅਤੇ ਗੁਣਾਂ ਨੂੰ ਉਘਾੜਿਆ ਹੈ। ਪੰਜਾਬੀ ਦੇ ਸਭਿਆਚਾਰਕ ਮਹਤੱਵ ਨੂੰ ਵੀ ਦਰਸਾਇਆ ਹੈ। ਡਾ.ਸਾਹਿਬ  ਨੇ ਆਪਣੀ ਜ਼ਿੰਦਗੀ ਦੀ ਅੱਧੀ ਸਦੀ ਪੰਜਾਬੀ ਭਾਸ਼ਾ ਦੀ ਖੋਜ, ਅਧਿਅਨ ਅਤੇ ਅਧਿਆਪਨ ਦੇ ਲੇਖੇ ਲਾਈ ਹੈ। ਉਨ੍ਹਾਂ ਦੁਆਰਾ ਕੱਢੇ ਗਏ ਨਤੀਜਿਆਂ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਉਨ੍ਹਾਂ ਦੇ ਪਰਚੇ ਵਿਚ ਪੰਜਾਬੀ ਜ਼ਬਾਨ ਬਾਰੇ ਬਹੁ-ਪੱਖੀ ਜਾਣਕਾਰੀ ਮਿਲਦੀ ਹੈ ਅਤੇ ਕਈ ਭੁਲੇਖਿਆਂ ਨੂੰ ਦੂਰ ਕੀਤਾ ਗਿਆ ਹੈ। ਉਹ ਇਕ ਉਘੇ ਭਾਸ਼ਾ-ਵਿਗਿਆਨੀ, ਖੋਜੀ ਅਤੇ ਵਿਦਵਾਨ ਹੋਣ ਦੇ ਨਾਲ ਨਾਲ ਇਕ ਬੇ-ਨਜ਼ੀਰ ਇਨਸਾਨ ਵੀ ਹਨ। ਇਸ ਕਾਨਫਰੰਸ ਦੇ ਸਰਪ੍ਰਸੱਤ ਹੋਣ ਦੀ ਜ਼ਿੰਮੇਵਾਰੀ ਉਨ੍ਹਾਂ ਪੂਰੀ ਤਰ੍ਹਾਂ ਨਿਭਾਈ ਹੈ।

ਪੰਜਾਬ ਸਭਿਆਚਾਰ ਅਤੇ ਕੋਮਲ ਕਲਾਵਾਂ ਦੇ ਖੇਤਰ ਵਿਚ ਪਛੜਿਆ ਰਿਹਾ ਹੈ। ਇਸ ਕਾਨਫਰੰਸ ਦੇ ਦੋ ਸੈਸ਼ਨ ਸਿਧਾਂਤਕ ਅਤੇ ਅਮਲੀ ਤੌਰ ਤੇ ਚਿੱਤਰਕਾਰੀ ਤੇ ਸੰਗੀਤ ਕਲਾ ਨੂੰ ਸਮ੍ਰਪਿਤ ਕੀਤੇ ਗਏ ਹਨ। ਕੋਈ ਵੀ ਕਲਾ ਜਿੱਥੇ ਸੁਹਜ ਸੁਆਦ ਦੇਂਦੀ ਹੈ, ਉਥੇ ਸਾਡੇ ਹਿਰਦਿਆਂ ਨੂੰ ਹਿਲੂਣਾ ਦੇ ਕੇ ਟੁੰਬਦੀ ਵੀ ਹੈ। ਅਚਾਰੀਆ ਲੱਛਮਣ ਸਿੰਘ ਸੀਨ ਨੇ `ਪੰਜਾਬੀ ਘਰਾਣੇ ਦਾ ਸੰਗੀਤ` ਨਾਂ ਦਾ ਪਰਚਾ ਪੇਸ਼ ਕਰਕੇ ਅਤੇ ਕਲਾਕਾਰ ਜਰਨੈਲ ਸਿੰਘ ਨੇ ਪੰਜਾਬੀ ਚਿਤੱਰਕਾਰੀ ਦੇ ਇਤਹਾਸ ਦਾ ਉਲੇਖ ਕਰਕੇ ਪੰਜਾਬੀ ਸਭਿਆਚਾਰ ਨੂੰ ਸੰਗੀਤ ਅਤੇ ਚਿੱਤਰਕਾਰੀ ਦੀ ਦੇਣ ਸੰਬੰਧੀ ਕਈ ਨਵੀਆਂ ਗੱਲਾਂ ਸਾਡੇ ਸਾਹਮਣੇ ਲਿਆਂਦੀਆਂ ਹਨ। ਸੋਨੇ ਉਪਰ ਸੁਹਾਗੇ ਵਾਲੀ ਗੱਲ ਇਹ ਹੈ ਕਿ ਜਰਨੈਲ ਸਿੰਘ ਤੇ ਉਸਦੀ ਪਤਨੀ ਦੁਆਰਾ ਲਾਈ ਗਈ ਚਿੱਤਰਾਂ ਦੀ ਨੁਮਾਇਸ਼, ਲੱਛਮਣ ਸਿੰਘ ਸੀਨ, ਮੰਨੂ ਕੁਮਾਰ ਸੀਨ ਤੇ ਅਵੀਰਭਵ ਵਰਮਾ ਦੇ ਸਤਾਰ ਵਾਦਨ ਤੇ ਤਬਲਾ ਵਾਦਨ ਅਤੇ ਸ. ਜਸਪਾਲ ਸਿੰਘ ਰੰਧਾਵਾ ਵਲੋਂ ਸਾਰੰਗੀ ਰਾਹੀਂ ਪੇਸ਼ ਕੀਤੇ ਗਏ ਸੰਗੀਤ-ਪ੍ਰੋਗਰਾਮ ਨੇ ਸਰੋਤਿਆਂ ਤੇ ਦਰਸ਼ਕਾਂ ਨੂੰ ਆਪਣੀ ਕਲਾ ਰਾਹੀਂ ਰੂਹ ਦੀ ਖ਼ੁਰਾਕ ਮੁਹੱਈਆ ਕਰਕੇ ਉਨ੍ਹਾਂ ਦੇ ਮਨਾਂ ਨੂੰ ਮੋਹ ਲਿਆ। ਸੰਗੀਤ ਸਮਾਗਮ ਦਾ ਆਰੰਭ ਡਾ.ਸਵਰਾਜ ਸਿੰਘ ਦੇ ਬੱਚਿਆਂ ਦੁਆਰਾ ਗਾਏ ਗਏ ਪੰਜਾਬੀ ਗੀਤਾਂ ਨਾਲ ਹੋਇਆ। ਇੱਥੋਂ ਇਹ ਪਤਾ ਲਗਦਾ ਹੈ ਕਿ ਨਵੀਂ ਪੀੜ੍ਹੀ ਨੂੰ ਆਪਣੀ ਬੋਲੀ ਤੇ ਆਪਣੇ ਸਭਿਆਚਾਰਕ ਵਿਰਸੇ ਨਾਲ ਕਿਵੇਂ ਜੋੜਿਆ ਜਾਂਦਾ ਹੈ। ਜਨਮੇਜਾ ਜੌਹਲ ਨੇ ਸਲਾਈਡ ਸ਼ੋਅ ਰਾਹੀਂ ਪੰਜਾਬ ਦੇ ਪੇਂਡੂ ਜੀਵਨ ਦੀਆਂ ਤਸਵੀਰਾਂ ਵਖਾ ਕੇ ਅਲੋਪ ਹੋ ਰਹੇ ਪੰਜਾਬ ਦੇ ਵਿਰਸੇ ਤੋਂ ਜਾਣੂ ਕਰਵਾਇਆ ਹੈ। ਪੰਜਾਬੀ ਸੰਗੀਤਕਾਰੀ, ਚਿੱਤਰਕਾਰੀ ਅਤੇ ਫੋਟੋਗ੍ਰਾਫੀ ਆਦਿ ਹੁਨਰ ਸਹਿਜ਼ ਲੋਕ ਕਲਾਵਾਂ ਤਕ ਹੀ ਸੀਮਿਤ ਨਹੀਂ ਰਹੇ, ਸਗੋਂ ਇਨ੍ਹਾਂ ਨੇ ਵਿਸ਼ੇਸ਼ ਹੁਨਰਾਂ ਦਾ ਦਰਜਾ ਹਾਸਲ ਕਰ ਲਿਆ ਹੈ। ਦਵਿੰਦਰ ਕੋਹਲੀ ਨੇ ਕਾਰਟੂਨਾਂ ਸੰਬੰਧੀ ਵਰਤੀ ਗਈ ਅਣਗਹਿਲੀ ਬਾਰੇ ਦਸਦਿਆਂ ਇਸ ਕਲਾ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਹੈ।ਉਨ੍ਹਾਂ ਨੇ ਆਪਣੇ ਕਾਰਟੂਨਾਂ ਦੀ ਪ੍ਰਦਰਸ਼ਨੀ ਵੀ ਲਾਈ।

ਇਸ ਕਾਨਫਰੰਸ ਦਾ ਇਕ ਹੋਰ ਵਿਸ਼ੇਸ਼ ਪੱਖ ਪੰਜਾਬੀ ਸਾਹਿਤ ਦੇ ਵੱਖ ਵੱਖ ਰੂਪਾਂ ਅਤੇ ਸਭਿਆਚਾਰ ਨਾਲ ਜੁੜਿਆ ਹੋਇਆ ਹੈ। ਸਵੀਡਨ ਤੋਂ ਪੁੱਜੇ ਪਾਕਿਸਤਾਨੀ ਮੂਲ ਦੇ ਲੇਖਕ ਆਸਿਫ਼ ਸ਼ਾਹਕਾਰ ਨੇ `ਇਕਵੀਂ ਸਦੀ ਦਾ ਪੰਜਾਬੀ ਲਿਖਾਰੀ` ਨਾਂ ਦਾ ਪਰਚਾ ਪੜ੍ਹਿਆ ਅਤੇ ਲੇਖਕ ਦੀ ਪਰਿਭਾਸ਼ਾ ਦੇ ਕੇ ਪੰਜਾਬੀ ਲੇਖਕ ਨੂੰ ਉਸਦੇ ਕਰਤੱਵ ਤੋਂ ਜਾਣੂ ਕਰਵਾਇਆ। ਡਾ.ਬਲਜੀਤ ਕੌਰ ਨੇ ਪੰਜਾਬੀ ਕਵਿਤਾ ਵਿਚ ਪੰਜਾਬੀਅਤ ਵਿਸ਼ੇ ਸੰਬੰਧੀ ਵਿਚਾਰ ਪ੍ਰਗਟ ਕਰਦਿਆਂ ਕਈ ਨਵੇਂ ਤੱਥ ਸਾਡੇ ਸਾਹਮਣੇ ਲਿਆਂਦੇ ਹਨ। ਪ੍ਰੋ. ਨਿਰਦੋਸ਼ ਕੌਰ ਦਾ ਪਰਚਾ ਪੰਜਾਬੀ ਸਭਿਆਚਾਰ ਦੇ ਮਹੱਤਵ ਬਾਰੇ ਜਾਗਰੂਕ ਕਰਦਾ ਹੈ। ਸੰਜੀਵਨ ਸਿੰਘ ਨੇ ਪੰਜਾਬੀ ਨਾਟਕ, ਵਿਰਸਾ ਅਤੇ ਸਭਿਆਚਾਰ ਬਾਰੇ ਜਾਣੂ ਕਰਵਾਉਂਦਿਆਂ ਪੰਜਾਬੀ ਦੇ ਟੀ.ਵੀ. ਚੈਨਲਾਂ ਦੁਆਰਾ ਪੰਜਾਬੀ ਸਭਿਆਚਾਰ ਦੇ ਖੇਤਰ ਵਿਚ ਫੈਲਾਈ ਜਾ ਰਹੀ ਪ੍ਰਦੂਸ਼ਣ ਸੰਬੰਧੀ ਦੱਸਿਆ ਹੈ। ਇਨ੍ਹਾਂ ਵਿਦਵਾਨ ਲੇਖਕਾਂ ਦੇ ਵਿਚਾਰ ਇਸ ਗੱਲ ਦਾ ਪ੍ਰਮਾਣ ਹਨ ਕਿ ਸਾਹਿਤ ਸਿਰਜਣਾ ਇਕ ਕਲਾ ਹੈ ਅਤੇ ਇਸ ਹੁਨਰ ਦਾ ਸਾਡੇ ਸਭਿਆਚਾਰ ਨਾਲ ਗੂੜਾ ਰਿਸ਼ਤਾ ਹੈ।

ਕੈਨੇਡਾ ਦੇ ਕੁਝ ਵਿਦਵਾਨਾਂ ਨੇ ਇਥੋਂ ਦੀ ਬੋਲੀ ਅਤੇ ਸਾਹਿਤ ਦੀ ਸਥਿਤੀ ਤੋਂ ਜਾਣੂ ਕਰਵਾਇਆ ਹੈ। ਸੁਰਜੀਤ ਕਲਸੀ ਨੇ ਕੈਨੇਡੀਅਨ ਪੰਜਾਬੀ ਕਵਿਤਾ ਦਾ ਸਰਵੇਖਣ ਕਰਦਿਆਂ, ਇਸ ਦੀਆਂ ਵਿਸ਼ੇਸ਼ਤਾਵਾਂ ਬਾਰੇ ਦਸਿਆ ਹੈ। ਸਾਧੂ ਬਿਨਿੰਗ ਨੇ ਪ੍ਰਦੇਸਾਂ ਵਿਚ ਪੰਜਾਬੀ ਭਾਸ਼ਾ ਦੀ ਹਾਲਤ ਦਾ ਜਾਇਜ਼ਾ ਲੈਂਦਿਆ ਇਸ ਗੱਲ ਤੇ ਬੱਲ ਦਿੱਤਾ ਹੈ ਕਿ ਬੱਚਿਆਂ ਨੂੰ ਮਾਤ ਭਾਸ਼ਾ ਪੜ੍ਹਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਨਿਰਮਲ ਸਿੰਘ ਮਹਿਨਾ ਨੇ ਵਿਦੇਸ਼ਾਂ ਵਿਚ ਪੰਜਾਬੀ ਦੀ ਉਨੱਤੀ ਬਾਰੇ ਕੁਝ ਸੁਝਾਉ ਪੇਸ਼ ਕੀਤੇ ਹਨ। ਕੁਝ ਹੋਰ ਵਿਦਵਾਨਾਂ ਨੇ ਵੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਬਾਰੇ ਟਿੱਪਣੀਆਂ ਪੇਸ਼ ਕੀਤੀਆਂ ਹਨ। ਇਨ੍ਹਾਂ ਵਿਦਵਾਨਾਂ ਦੀਆਂ ਗੱਲਾਂ ਸੁਣ ਕੇ ਲਗਦਾ ਹੈ ਕਿ ਪੰਜਾਬੀ ਵਿਰਸੇ ਅਤੇ ਪੰਜਾਬੀ ਪਹਿਚਾਣ ਬਾਰੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਪਾਕਿਸਤਾਨ ਤੇ ਹਿੰਦੋਸਤਾਨ ਦੇ ਪੰਜਾਬੀਆਂ ਦੇ ਟਾਕਰੇ ਤੇ ਵਧੇਰੇ ਫਿਕਰਮੰਦ ਹਨ। ਇਸੇ ਕਾਨਫਰੰਸ ਦੀ ਹਾਜ਼ਰੀ ਵੀ ਪ੍ਰਗਟ ਕਰਦੀ ਹੈ ਕਿ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਨੂੰ ਆਪਣੇ ਸਭਿਆਚਾਰਕ ਵਿਰਸੇ ਨਾਲ ਕਿੰਨਾ ਲਗਾਓ ਹੈ।

ਇਸ ਕਾਨਫਰੰਸ ਦਾ ਇਕ ਹੋਰ ਯਾਦਗਾਰੀ ਪਹਿਲੂ 30 ਜੂਨ ਦੀ ਸ਼ਾਮ ਨੂੰ ਹੋਇਆ ਕਵੀ ਦਰਬਾਰ ਹੈ। ਇਸ ਵਿਚ ਤੀਹ ਤੋਂ ਉਪਰ ਕਵੀਆਂ ਨੇ ਸ਼ਿਰਕਤ ਕੀਤੀ। ਸੁਰਿੰਦਰ ਧੰਜਲ ਵਲੋਂ ਸਫਲ ਸ਼ੰਚਾਲਨ ਅਧੀਨ ਇਹ ਕਵੀ ਦਰਬਾਰ ਗੁਰਚਰਨ ਰਾਮਪੁਰੀ ਦੇ ਪ੍ਰਧਾਨਗੀ ਭਾਸ਼ਨ ਅਤੇ ਦੋਹਰਿਆਂ ਨਾਲ ਖਤਮ ਹੋਇਆ ਇਹ ਪ੍ਰੋਗਰਾਮ ਚਾਰ ਘੰਟੇ ਚਲਦਾ ਰਿਹਾ। ਪੜ੍ਹੀਆਂ ਗਈਆਂ ਕਵਿਤਾਵਾਂ ਦਾ ਪੱਧਰ ਤੇ ਸਰੋਤਿਆਂ ਵਲੋਂ ਦਿੱਤੀ ਦਾਦ ਦੀ ਪ੍ਰਸੰਸਾ ਕਰਨੀ ਬਣਦੀ ਹੈ।

ਕਾਨਫਰੰਸ ਵਿਚ ਪਾਸ ਕੀਤੇ ਗਏ ਮਤਿਆਂ  ਦਾ ਆਪਣਾ ਮਹਤੱਵ ਹੈ। ਪੰਜਾਬੀ ਕੌਮ ਦੇ ਸਵਾਲ ਬਾਰੇ ਹੋਰ ਵਿਚਾਰ ਕਰਨ ਲਈ ਕਮੇਟੀ ਦੇ ਗਠਿਨ ਦਾ ਸੁਝਾਓ, ਪੰਜਾਬੀ ਦਰਸ਼ਨ ਸੰਬੰਧੀ ਖੋਜ, ਅਧਿਐਨ ਅਤੇ ਅਧਿਆਪਨ ਲਈ ਅਕਾਦਮਿਕ ਅਦਾਰਿਆਂ ਨੂੰ ਬੇਨਤੀ, ਪ੍ਰਦੂਸ਼ਣ ਦੇ ਮਾਰੂ ਅਸਰਾਂ ਤੋਂ ਬਚਾਓ ਲਈ ਹਰ ਪਧੱਰ ਤੇ ਕੋਸ਼ਿਸ਼ ਕਰਨੀ ਅਤੇ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਕੈਨੇਡੀਅਨ ਸਰਕਾਰ ਦੁਆਰਾ ਲਗਾਈਆਂ ਵੀਜ਼ੇ ਦੀਆਂ ਪਾਬੰਦੀਆਂ ਨੂੰ ਹਟਾਉਣਾ ਸ਼ਾਮਲ ਹਨ। ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕੈਨੇਡੀਅਨ ਸਰਕਾਰ ਨੇ ਪਾਕਿਸਤਾਨ ਤੋਂ ਕਿਸੇ ਡੈਲਗੇਟ ਨੂੰ ਵੀਜ਼ਾ ਨਹੀਂ ਦਿੱਤਾ। ਇਹ ਵੀ ਚੰਗਾ ਹੋਇਆ ਹੈ ਕਿ ਬਦੇਸ਼ਾਂ ਵਿਚ ਰਹਿੰਦੇ ਪਾਕਿਸਤਾਨੀ ਮੂਲ ਦੇ ਪੰਜਾਬੀ ਵਿਦਵਾਨਾਂ ਵਿਚੋਂ ਡਾ. ਮੰਨਜ਼ੂਰ ਇਜਾਜ਼, ਨਜ਼ੀਰ ਕਹੂਟ, ਆਸਿਫ ਸ਼ਾਹਕਾਰ, ਮਜ਼ਹਰ ਤਿਰਮਜ਼ੀ ਅਤੇ ਚੌਧਰੀ ਰਜ਼ਾ ਅੱਲਾ ਦਿੱਤਾ ਨੇ ਕਿਸੇ ਹੱਦ ਤਕ ਇਸ ਖੱਪੇ ਨੂੰ ਪੂਰਿਆਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਚੌਧਰੀ ਰਜ਼ਾ ਅੱਲਾ ਦਿੱਤਾ ਦੇ ਇਨ੍ਹਾਂ ਸ਼ਬਦਾਂ `ਹੱਦਾਂ ਖੋਲ੍ਹ ਦਿਓ, ਸਾਰੇ ਮਸਲੇ ਹੱਲ ਹੋ ਜਾਣਗੇਂ` ਦਾ ਤਾੜੀਆਂ ਨਾਲ ਕੀਤਾ ਗਿਆ ਸੁਆਗਤ ਇਸ ਭਾਵਨਾ ਦਾ ਸਬੂਤ ਹੈ ਕਿ ਹਿੰਦ-ਪਾਕ ਦੇਸਾਂ ਵਿਚ ਵਸਦੇ ਲੋਕ ਪੂਰੀ ਤਰ੍ਹਾਂ ਦੋਸਤੀ ਦੇ ਚਾਹਵਾਨ ਹਨ।

`ਯੂਰੋਸੈਂਟਰਿਜ਼ਸ ਅਤੇ ਸਿਵਲਾਈਜ਼ਡ ਨੇਸ਼ਨਜ਼` ਵਿਸ਼ੇ ਉਪਰ ਔਟਵਾ ਤੋਂ ਪੁਜੀ ਸਾਂਡਰਾ ਸਮਿਥ (ਸੀ.ਪੀ.ਸੀ. ਐਮ.ਐਲ. ਦੀ ਨੇਤਾ) ਅਤੇ `ਸਪਲਿੰਟਿੰਗ ਸਕਾਈ` ਪੁਸਤਕ ਦੇ ਲੇਖਕ ਮਿਸਟਰ ਜੌਹਨਕੌਚ ਦੇ ਭਾਸ਼ਨ ਵਰਣਨਯੋਗ ਹਨ। ਇਨ੍ਹਾਂ ਦੋਹਾਂ ਵਿਦਵਾਨਾਂ ਨੇ ਆਪਣੇ ਨਿੱਜੀ ਤਜਰਬਿਆਂ ਅਤੇ ਵਾਪਰੀਆਂ ਘਟਨਾਵਾਂ ਨੂੰ ਮੁੱਖ ਰਖਕੇ ਕੌਮੀਅਤ, ਕੌਮ ਤੇ ਸ਼ਹਿਰੀਅਤ ਬਾਰੇ ਜੋ  ਵਿਚਾਰ ਪ੍ਰਗਟ ਕੀਤੇ ਹਨ ਉਪਰ ਗੌਰ ਕਰਨ ਦੀ ਲੋੜ ਹੈ।

ਇਸ ਕਾਨਫਰੰਸ ਦੀ ਸਫਲਤਾ ਲਈ ਪ੍ਰੋ. ਪ੍ਰੀਤਮ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਨਾਮਧਾਰੀ ਵਲੋਂ ਪੜ੍ਹੇ ਗਏ ਸੰਦੇਸ਼, ਸੁਰਜੀਤ ਕਲਸੀ ਤੇ ਡਾ. ਸਾਧੂ ਸਿੰਘ ਦੁਆਰਾ ਨਾਟਕੀ ਅੰਦਾਜ਼ ਵਿੱਚ ਕਰਾਈ ਗਈ ਡੈਲੀਗੇਟਾਂ ਦੀ ਜਾਣ-ਪਛਾਣ, ਕਾਨਫਰੰਸ ਵਿਚ ਸ਼ਾਮਲ ਅੱਧੀ ਦਰਜ਼ਨ ਸਾਹਿਤਕਾਰਾਂ ਦੀਆਂ ਪੁਸਤਕਾਂ ਦੀ ਘੁੰਡ ਚੁਕਾਈ ਆਦਿ ਦਾ ਜ਼ਿਕਰ ਵੀ ਜ਼ਰੂਰੀ ਹੈ, ਕਿਉਂ ਕੇ ਇਹ ਕਾਰਨ ਵੀ ਕਾਨਫਰੰਸ ਨਾਲ ਜੁੜੇ ਹੋਏ ਹਨ। ਖਾਸ ਕਰਕੇ ਵਿਦੇਸ਼ਾਂ ਵਿਚੋਂ ਪੁੱਜੇ ਡੈਲੀਗੇਟਾਂ ਅਤੇ ਕਾਨਫਰੰਸ ਦੇ ਵੱਖ ਵੱਖ ਸੈਸ਼ਨਾਂ ਵਿਚ ਪਰਚੇ ਪੇਸ਼ ਕਰਨ ਵਾਲੇ ਵਿਦਵਾਨਾਂ ਨੂੰ ਭੇਂਟ ਕੀਤੇ ਗਏ ਮੋਮੈਂਟੋ ਇਸ ਕਾਨਫਰੰਸ ਦੇ ਯਾਦ-ਚਿੰਨ੍ਹ ਵਜੋਂ ਸਾਥ ਦੇਣਗੇ। ਪੰਜਾਬ ਰੇਡੀਓ ਨਾਲ ਸੰਬੰਧਿਤ ਗੁਰਵਿੰਦਰ ਸਿੰਘ ਧਾਲੀਵਾਲ ਨੇ ਕਾਨਫਰੰਸ ਦੀ ਕਾਰਵਾਈ ਦਾ ਕਾਫੀ ਹਿੱਸਾ ਰੇਡੀਓ ਉਪਰ ਸਿੱਧਾ ਪ੍ਰਸਾਰਣ ਕਰਨ ਵਿਚ ਪੂਰਾ ਸਹਿਯੋਗ ਦਿੱਤਾ ਹੈ।

ਮੈਨੂੰ ਇਹ ਦਸਦਿਆਂ ਬੇ-ਹੱਦ ਖੁਸ਼ੀ ਹੋ ਰਹੀ ਹੈ ਕਿ ਸੰਸਾਰ ਦੇ ਵੱਖ ਵੱਖ ਹਿੱਸਿਆਂ ਤੋਂ ਉਚੇਚੇ ਤੌਰ ਤੇ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਪੁੱਜੇ ਲਗਭਗ ਹਰ ਡੈਲੇਗੇਟ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ। ਬਲਬੀਰ ਸਿੰਘ ਮੋਮੀ, ਡਾ.ਅਮਰ ਸਿੰਘ ਧਾਲੀਵਾਲ, ਮਜ਼ਹਰ ਤਿਰਮਜ਼ੀ, ਡਾ.ਰਵਿੰਦਰ ਰਵੀ, ਗੁਰਚਰਨ ਰਾਮਪੁਰੀ, ਡਾ.ਪ੍ਰਕਾਸ਼ ਸਿੰਘ ਜੰਮੂ, ਪ੍ਰੋ.ਮੋਤਾ ਸਿੰਘ, ਬਲਵੰਤ ਸੰਘੇੜਾ, ਆਸਿਫ ਸ਼ਾਹਕਾਰ, ਅਜਮੇਰ ਰੋਡੇ, ਸੁਰਿੰਦਰ ਧੰਜਲ, ਹਰਭਜਨ ਸਿੰਘ ਬੈਂਸ, ਪੋ.ਕੇਵਲ ਕਲੋਟੀ, ਗਿਆਨ ਸਿੰਘ ਕੋਟਲੀ, ਜੀਵਨ ਰਾਮਪੁਰੀ, ਗਿੱਲ ਮੋਰਾਂਵਾਲੀ, ਗਿੱਲ ਮਨਸੂਰ, ਮੋਹਨ ਗਿੱਲ ਆਦਿ ਜਿਹੜੇ ਪਹਿਲੇ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਨਹੀਂ ਸਨ ਹੋ ਸਕੇ, ਸਭ ਨੇ ਕਾਨਫਰੰਸ ਵਿਚ ਵਿਚਾਰੇ ਗਏ ਮੁੱਦਿਆਂ ਅਤੇ ਪ੍ਰਬੰਧਕਾਂ ਦੇ ਉਦਮ ਦੀ ਸ਼ਲਾਘਾ ਕੀਤੀ ਹੈ। ਪ੍ਰੇਮ ਗੋਰਖੀ, ਹਰਭਜਨ ਮਾਂਗਟ, ਜਰਨੈਲ ਸੇਖਾ ਅਤੇ ਹਰਜੀਤ ਦੌਧਰੀਆ ਨੇ ਪ੍ਰਿੰਸ ਜਾਰਜ ਵਿਚ ਹੋਈ ਪਹਿਲੀ ਕਾਨਫਰੰਸ ਵਾਂਗ ਇਸ ਵਾਰ ਵੀ ਪੂਰੀ ਤਰ੍ਹਾਂ ਸਹਿਯੋਗ ਦਿੱਤਾ ਹੈ।

ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਦੀਆਂ ਪ੍ਰਾਪਤੀਆਂ ਦੀ ਲਿਸਟ ਬਹੁਤ ਲੰਮੀ ਹੈ ਅਤੇ ਇਸ ਕਾਨਫਰੰਸ ਨੇ ਨਵਾਂ ਤੇ ਨਵੇਕਲਾ ਇਤਿਹਾਸ ਸਿਰਜਿਆ ਹੈ। ਇਸ ਕਾਮਯਾਬੀ ਲਈ ਪ੍ਰਬੰਧਕ ਸਾਡੀ ਦਿਲੀ ਮੁਬਾਰਕ ਦੇ ਹੱਕਦਾਰ ਹਨ। ਇਸ ਕਾਨਫਰੰਸ ਦਾ ਇਕ ਖਾਸ ਪਹਿਲੂ ਇਹ ਵੀ ਹੈ ਕਿ ਵੱਖ-ਵੱਖ ਮੁਲਕਾਂ ਵਿਚ ਪੰਜਾਬੀ ਹਿਤੈਸ਼ੀ ਜਥੇਬੰਦੀਆਂ ਜਿਵੇਂ  ਅਕਾਦਮੀ ਆਫ ਪੰਜਾਬ ਇਨ ਨਾਰਥ ਅਮੈਰਿਕਾ ਦੇ ਕਰਤਾ ਧਰਤਾ ਡਾ.ਮਨਜ਼ੂਰ ਇਜਾਜ਼, ਪੰਜਾਬ ਹੈਰੀਟੇਜ਼ ਫਾਊਂਡੇਸ਼ਨ ਦੇ ਸੰਚਾਲਕ ਡਾ. ਰਛਪਾਲ ਸਿੰਘ(ਅਮਰੀਕਾ), ਪੰਜਾਬੀ ਸੱਥ ਲਾਂਬੜਾ ਜਲੰਧਰ ਦੇ ਸਕੱਤਰ ਡਾ. ਨਿਰਮਲ ਸਿੰਘ(ਭਾਰਤ) ਨੇ ਉਚੇਚੇ ਤੌਰ ਤੇ ਸ਼ਾਮਲ ਹੋ ਕੇ ਇਸ ਕਾਨਫਰੰਸ ਦੇ ਪ੍ਰਬੰਧਕਾਂ ਸੁੱਚਾ ਸਿੰਘ ਦੀਪਕ(ਸਾਊਥ ਏਸ਼ੀਅਨ ਰਿਵਿਊ), ਭੁਪਿੰਦਰ ਸਿੰਘ ਮੱਲ੍ਹੀ(ਵਿਰਾਸਤ ਫਾਊਂਡੇਸ਼ਨ) ਅਤੇ ਵਿਜੇ ਕਪਿਲਾ(ਪ੍ਰਧਾਨ ਸਾਹਿਤ ਸਭਾ, ਪ੍ਰਿੰਸ ਜਾਰਜ) ਦੀ ਹੌਸਲਾ ਅਫਜ਼ਾਈ ਵੀ ਕੀਤੀ ਹੈ ਅਤੇ ਪੂਰਾ ਸਹਿਯੋਗ ਵੀ ਦਿੱਤਾ ਹੈ। ਮੈਨੂੰ ਵਿਸ਼ਵਾਸ ਹੈ ਕਿ ਉਸਾਰੂ ਸੋਚ ਰੱਖਣ ਵਾਲੀਆਂ ਹੋਰ ਸੰਸਥਾਵਾਂ ਵੀ ਨੇੜੇ ਭੱਵਿਖ ਵਿਚ ਇਸ ਲੜੀ ਵਿਚ ਸ਼ਾਮਲ ਹੋ ਜਾਣਗੀਆਂ। ਇਹ ਵੀ ਆਸ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਸਮੇਂ ਅੰਦਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੱਧ ਰਹੇ ਪਾੜੇ ਨੂੰ ਘਟਾਉਣ ਲਈ ਪੰਜਾਬ ਤੇ ਪੰਜਾਬੀ ਨਾਲ ਜੁੜੀਆਂ ਜਥੇਬੰਦੀਆਂ ਸਾਂਝੇ ਪਲੇਟਫਾਰਮ ਤੇ ਸੈਮੀਨਾਰਾਂ ਤੇ ਕਾਨਫਰੰਸਾਂ ਦਾ ਪ੍ਰਬੰਧ ਕਰਨਗੀਆਂ। ਦੋਹਾਂ ਦੇਸਾਂ ਵਿਚਕਾਰ ਪੰਜਾਬੀ ਲੇਖਕਾਂ ਅਤੇ ਕਲਾਕਾਰਾਂ ਦੇ ਡੈਲੀਗੇਸ਼ਨਾਂ ਦੇ ਵਟਾਂਦਰੇ ਲਈ ਸੰਬੰਧਿਤ ਹਕੂਮਤਾਂ ਉਪਰ ਦਬਾਓ ਪਾਉਣਗੀਆਂ।

ਮੈਂ ਆਪਣੇ ਫਰਜ਼ ਤੋਂ ਕੋਤਾਹੀ ਕਰ ਰਿਹਾ ਹੋਵਾਂਗਾ ਜੇ ਸੁੱਚਾ ਸਿੰਘ ਦੀਪਕ, ਭੁਪਿੰਦਰ ਸਿੰਘ ਮਲ੍ਹੀ ਅਤੇ ਵਿਜੇ ਕਪਿਲਾ ਦੇ ਨਾਲ ਉਨ੍ਹਾਂ ਦੀ ਟੀਮ ਵਿਚ ਸ਼ਾਮਲ ਨੌਜਵਾਨ ਸਾਥੀਆਂ ਅਤੇ ਪਰਿਵਾਰਾਂ ਦੇ ਮੈਂਬਰਾਂ ਦਾ ਧੰਨਵਾਦ ਨਾ ਕਰਾਂ, ਜਿਨ੍ਹਾਂ ਨੇ ਤਨੋ ਮਨੋ ਅਤੇ ਧਨੋ ਦਿਨ ਰਾਤ ਇਕ ਕਰਕੇ ਇਸ ਮਹਾਂ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਡੈਲੀਗੇਟਾਂ ਦੀ ਰਿਹਾਇਸ਼, ਖਾਣ-ਪੀਣ ਤੇ ਆਉਣ ਜਾਣ ਦੀ ਸੁਵਿਧਾ ਦਾ ਪੂਰਾ ਧਿਆਨ ਰਖਿਆ ਗਿਆ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਰੀ ਟੀਮ ਇਕ ਮਿਸ਼ਨ ਤੇ ਆਦਰਸ਼ ਨਾਲ ਜੁੜੀ ਹੋਈ ਹੈ। ਇਨ੍ਹਾਂ ਦੀ ਸੁਹਿਦਰਤਾ ਅਤੇ ਸੰਜੀਦਗੀ ਉਪਰ ਕਿਸੇ ਪ੍ਰਕਾਰ ਸ਼ੱਕ ਦੀ ਗੁੰਜਾਇਸ਼ ਨਹੀਂ। ਪ੍ਰਬੰਧਕ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਉਦੇਸ਼ ਨਾਲ ਪ੍ਰਤਿਬੱਧ ਹਨ। ਇਨ੍ਹਾਂ ਸਦਕਾ ਹੀ ਪ੍ਰਿੰਸ ਜਾਰਜ ਦੇ ਨਿੱਕੇ ਜੇਹੇ ਕਸਬੇ ਵਿਚ ਐਨੀ ਵੱਡੀ ਕਾਨਫਰੰਸ ਕਰਨ ਦਾ ਪ੍ਰਬੰਧ ਹੋ ਸਕਿਆ ਹੈ। ਅੰਤ ਵਿਚ ਮੈਂ ਤੁਹਾਡਾ ਸਭ ਦਾ ਸ਼ੁਕਰਗੁਜ਼ਾਰ ਹਾਂ ਕਿ ਤੁਸਾਂ ਮੈਨੂੰ ਧਿਆਨ ਨਾਲ ਸੁਣਿਆ ਹੈ।